## ਤੁਹਾਡੇ ਬੱਚੇ ਨੂੰ ਕਾਰ ਸੀਟ ਵਿੱਚ ਸੁਰੱਖਿਅਤ ਕਰਨਾ

ਕਾਰ ਸੀਟ ਦੀ ਠੀਕ ਤਰ੍ਹਾਂ ਨਾਲ ਵਰਤੋਂ ਕਰਨ ਵਿੱਚ ਆਖ਼ਰੀ ਪੜਾਅ ਹੈ, ਤੁਹਾਡੇ ਬੱਚੇ ਨੂੰ ਉਸਦੀ ਕਾਰ ਸੀਟ ਵਿੱਚ ਠੀਕ ਤਰ੍ਹਾਂ ਨਾਲ ਸੁਰੱਖਿਅਤ ਕਰਨਾ। ਹਾਦਸੇ ਦੀ ਸੂਰਤ ਵਿੱਚ ਠੀਕ ਤਰ੍ਹਾਂ ਅਨੁਕੂਲਿਤ ਕੀਤੀਆਂ ਸਾਜ਼ ਦੀਆਂ ਤਣੀਆਂ ਅਸਰਦਾਇਕ ਤਰੀਕੇ ਨਾਲ ਤੁਹਾਡੇ ਬੱਚੇ ਨੂੰ ਉਸਦੀ ਕਾਰ ਸੀਟ ਵਿੱਚ ਹੀ ਸੀਮਤ ਕਰੀ ਰੱਖਣਗੀਆਂ। ਤੁਹਾਡੀ ਕਾਰ ਸੀਟ ਦੀ ਹਿਦਾਇਤ ਪੁਸਤਿਕਾ ਇਸ ਬਾਰੇ ਵਿਸ਼ੇਸ਼ ਹਿਦਾਇਤਾਂ ਪ੍ਰਦਾਨ ਕਰੇਗੀ ਕਿ ਤਣੀਆਂ ਨੂੰ ਕਿਵੇਂ ਅਨੁਕੂਲਿਤ ਕਰਨਾ ਅਤੇ ਕੱਸਣਾ ਹੈ।



## ਤੁਹਾਡੇ ਬੱਚੇ ਨੂੰ ਸਾਜ਼ ਪਹਿਨਾਉਣ ਬਾਰੇ ਸੱਤ ਤੱਥ

1. ਤਣੀਆਂ ਲਾਜ਼ਮੀ ਤੌਰ ਤੇ ਤੁਹਾਡੇ ਬੱਚੇ ਦੇ ਸਰੀਰ ਤੇ ਸਪਾਟ ਟਿਕੀਆਂ ਹੋਣੀਆਂ ਚਾਹੀਦੀਆਂ ਹਨ।



2. ਸਾਜ਼ ਦੀਆਂ ਤਣੀਆਂ ਕਸ ਕੇ ਫ਼ਿਟ ਹੋਣੀਆਂ ਚਾਹੀਦੀਆਂ ਹਨ, ਤੁਹਾਡੇ ਬੱਚੇ ਦੀ ਕਾਲਰ ਹੱਡੀ ਅਤੇ ਸਾਜ਼ ਵਿਚਕਾਰ ਕੇਵਲ ਇੱਕ ਉਂਗਲ ਫਸਣੀ ਚਾਹੀਦੀ ਹੈ।

3. ਛਾਤੀ ਵਾਲਾ ਕਲਿੱਪ ਕੱਛ ਦੇ ਪੱਧਰ ਤਕ ਹੋਣਾ ਚਾਹੀਦਾ ਹੈ ਤਾਂ ਜੋ ਇਹ ਤਣੀਆਂ ਨੂੰ ਇਨ੍ਹਾਂ ਦੀ ਸਥਿਤੀ ਵਿੱਚ ਬਣਾਈ ਰੱਖੇ। ਨਵੇਂ ਜਨਮੇਂ ਬੱਚਿਆਂ ਵਾਸਤੇ, ਛਾਤੀ ਵਾਲੇ ਕਲਿੱਪ ਨੂੰ ਉਨ੍ਹਾਂ ਦੀ ਠੋਡੀ ਤੋਂ 8 ਸੈਂ.ਮੀ. (3") ਹੇਠਾਂ ਰੱਖੋ।

4. <u>ਪਿੱਛੇ ਵੱਲ ਮੂੰਹ ਕਰਕੇ ਬੈਠਣ ਵਾਲੀਆਂ ਸੀਟਾਂ</u> : ਸਾਜ਼ ਦੀਆਂ ਤਣੀਆਂ ਲਾਜ਼ਮੀ ਤੌਰ ਤੇ ਸਪਾਟ ਹੋਣੀਆਂ ਚਾਹੀਦੀਆਂ ਹਨ ਅਤੇ ਇਹ ਸੀਟ ਵਿੱਚੋਂ ਬੱਚੇ ਦੇ ਮੋਢਿਆਂ **ਤੱਕ ਜਾਂ ਹੇਠਾਂ** ਨਿਕਲਣੀਆਂ ਚਾਹੀਦੀਆਂ ਹਨ। ਮੋਢੇ ਦੀਆਂ ਤਣੀਆਂ ਦੀ ਸਥਿਤੀ ਬਦਲਦੇ ਸਮੇਂ, ਇਨ੍ਹਾਂ ਦਾ ਕੇਵਲ ਗੱਦੀ ਦੇ ਪਿੱਛਿਓਂ ਨਹੀਂ ਸਗੋਂ ਪੂਰੀ ਤਰ੍ਹਾਂ ਪਲਾਸਟਿਕ ਖੋਲ ਵਿੱਚੋਂ ਗੁਜ਼ਰਨਾ ਯਕੀਨੀ ਬਣਾਓ।

5. <u>ਅੱਗੇ ਵੱਲ ਮੂੰਹ ਕਰਕੇ ਬੈਠਣ ਵਾਲੀਆਂ ਸੀਟਾਂ</u> : ਤਣੀਆਂ ਲਾਜ਼ਮੀ ਤੌਰ ਤੇ ਸਪਾਟ ਹੋਣੀਆਂ ਚਾਹੀਦੀਆਂ ਹਨ ਅਤੇ ਇਹ ਸੀਟ ਵਿੱਚੋਂ ਬੱਚੇ ਦੇ ਮੋਢਿਆਂ **ਤੱਕ ਜਾਂ ਉੱਪਰ ਤੋਂ** ਨਿਕਲਣੀਆਂ ਚਾਹੀਦੀਆਂ ਹਨ; ਜ਼ਿਆਦਾਤਰ ਮਾਡਲਾਂ ਦੀਆਂ ਤਣੀਆਂ ਲਾਜ਼ਮੀ ਤੌਰ ਤੇ ਸਭ ਤੋਂ ਉੱਪਰਲੇ ਸੱਲਾਂ ਵਿੱਚ ਹੋਣੀਆਂ ਚਾਹੀਦੀਆਂ ਹਨ। ਕਾਰ ਸੀਟ ਦੀ ਹਿਦਾਇਤ ਪੁਸਤਿਕਾ ਦੇਖੋ।

6. ਆਪਣੇ ਬੱਚੇ ਹੇਠਾਂ ਜਾਂ ਪਿੱਛੇ ਕਦੇ ਵੀ ਵਾਧੂ ਗੱਦੀਆਂ ਨਾ ਲਗਾਓ। ਹਾਦਸੇ ਦੀ ਸੂਰਤ ਵਿੱਚ ਇਹ ਵਾਧੂ ਗੱਦੀਆਂ ਸੁੰਗੜ ਜਾਣਗੀਆਂ, ਜਿਸ ਨਾਲ ਸਾਜ਼ ਵਿੱਚ ਖ਼ਤਰਨਾਕ ਢਿੱਲਾਪਣ ਆ ਜਾਵੇਗਾ।

7. ਸਾਰੀਆਂ ਸਾਜ਼ ਤਣੀਆਂ ਜੋ ਤਣੀ ਖਿਸਕਣ ਵਿੱਚੋਂ ਨਿਕਲਦੀਆਂ ਹਨ, ਲਾਜ਼ਮੀ ਤੌਰ ਤੇ 'ਦੂਹਰੀ ਕੀਤੀਆਂ' ਜਾਣੀਆਂ ਚਾਹੀਦੀਆਂ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਖਿਸਕਦੀਆਂ ਨਾ ਹੋਣ।




ਵਧੇਰੇ ਜਾਣਕਾਰੀ ਵਾਸਤੇ, ਕੱਲ ਕਰੋ :

York Region Health Connection
Health Information • Education • Counselling
1-800-361-5653



York Regional Police
York Region
Road Safety
It starts with you
Ministry of Transportation


# ਤੁਹਾਡੀ ਕਾਰ ਸੀਟ ਨੂੰ ਠੀਕ ਤਰ੍ਹਾਂ ਨਾਲ ਸਥਾਪਤ ਕਰਨਾ ਅਤੇ ਵਰਤਣਾ




York Region

1998 ਤੋਂ ਯਾਰਕ ਰੀਜ਼ਨ (York Region) ਵਿੱਚ ਕਰਵਾਏ ਕਾਰ ਸੀਟ ਕਲਿਨਕਾਂ ਅਨੁਸਾਰ, ਪੜਤਾਲ ਕੀਤੀਆਂ ਗਈਆਂ 92% ਕਾਰ ਸੀਟਾਂ ਦੀ ਵਰਤੋਂ ਠੀਕ ਤਰ੍ਹਾਂ ਨਹੀਂ ਕੀਤੀ ਗਈ ਸੀ। ਤੁਹਾਡੇ ਬੱਚੇ ਦੇ ਭਾਰ, ਲੰਬਾਈ ਅਤੇ ਉਸਦੇ ਵਿਕਸਤ ਹੋਣ ਦੀ ਯੋਗਤਾ ਅਨੁਸਾਰ ਢੁਕਵੀਂ ਸੀਟ ਦੀ ਚੋਣ ਕਰਨ ਦੇ ਬਾਅਦ, ਤੁਹਾਡੀ ਗੱਡੀ ਵਿੱਚ ਠੀਕ ਤਰ੍ਹਾਂ ਸੀਟ ਲਗਾਉਣਾ, ਤੁਹਾਡੇ ਬੱਚੇ ਦੀ ਸੁਰੱਖਿਅਤ ਯਾਤਰਾ ਨੂੰ ਯਕੀਨੀ ਬਣਾਉਣ ਵਿੱਚ ਦੂਜਾ ਸਭ ਤੋਂ ਮਹੱਤਵਪੂਰਨ ਪੜਾਅ ਹੈ। ਤੁਹਾਡੀ ਗੱਡੀ ਦੀ ਹਿਦਾਇਤ ਪੁਸਤਿਕਾ ਅਤੇ ਕਾਰ ਸੀਟ ਦੀ ਹਿਦਾਇਤ ਪੁਸਤਿਕਾ, ਦੋਨੋਂ ਹੀ ਕਾਰ ਸੀਟ ਨੂੰ ਠੀਕ ਤਰ੍ਹਾਂ ਸਥਾਪਤ ਕਰਨ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨਗੇ।

## ਕਿਸੇ ਕਾਰ ਸੀਟ ਨੂੰ ਕਿੰਨਾ ਕੱਸ ਕੇ ਸਥਾਪਤ ਕੀਤਾ ਜਾਣਾ ਚਾਹੀਦਾ ਹੈ?

ਬੈਲਟ ਦਾ ਗੋਦ ਵਾਲਾ ਹਿੱਸਾ ਕਾਰ ਸੀਟ ਨੂੰ ਸਖਤੀ ਨਾਲ ਇਸਦੀ ਜਗ੍ਹਾ ਤੇ ਬਣਾਈ ਰੱਖਦਾ ਹੈ। ਇਸਨੂੰ ਕੱਸਣ ਵਾਸਤੇ, ਕਾਰ ਸੀਟ ਨੂੰ ਗੱਡੀ ਦੀ ਸੀਟ ਵਿੱਚ ਥੱਲੇ ਨੂੰ ਧੱਕੋ ਜਦੋਂ ਕਿ ਤੁਸੀਂ ਇਸਦੇ ਗਿਰਦ ਬੈਲਟ ਨੂੰ ਕੱਸਦੇ ਹੋ - ਗੋਡਾ ਲਾਕੇ/ਇਸਤੇ ਝੁਕ ਕੇ ਆਪਣੇ ਪੂਰੇ ਭਾਰ ਨਾਲ ਇਸਨੂੰ ਧੱਕੋ।



## ਕੱਸਕੇ ਫਿੱਟ ਕੀਤੇ ਹੋਣ ਦੀ ਪੜਤਾਲ ਕਰਨ ਵਾਸਤੇ,

ਗੱਡੀ ਦੇ ਪਿੱਛਲੇ ਪਾਸੇ ਤੋਂ ਕਾਰ ਸੀਟ ਨੂੰ ਪਰ੍ਹੇ ਖਿੱਚਣ ਦੀ ਕੋਸ਼ਿਸ਼ ਕਰੋ ਅਤੇ ਇਸਨੂੰ ਇੱਕ ਤੋਂ ਦੂਜੇ ਪਾਸੇ ਤੱਕ ਖਿਸਕਾਓ, ਜਿੱਥੇ ਕਿ ਸੀਟ ਨਾਲ ਬੈਲਟ ਬੰਨ੍ਹੀ ਹੋਈ ਹੈ। ਸੀਟ ਬੈਲਟ ਢਿੱਲੀ ਨਹੀਂ ਹੋਣੀ ਚਾਹੀਦੀ ਅਤੇ ਕਾਰ ਸੀਟ ਦੇ ਥੱਲੇ ਦੀ ਸਾਰੀਆਂ ਦਿਸ਼ਾਵਾਂ ਵਿੱਚ ਇੱਕ ਇੰਚ ਤੋਂ ਘੱਟ ਹਿੱਲਜੁਲ ਹੋਣੀ ਚਾਹੀਦੀ ਹੈ।





## ਸੀਟ ਬੈਲਟ ਦੀ ਵਰਤੋਂ ਕਰਕੇ ਕਾਰ ਸੀਟ ਨੂੰ ਸਥਾਪਤ ਕਰਨਾ

ਬੈਲਟ ਉੱਤੇ ਅਜਿਹੇ ਲੇਬਲ ਵਾਸਤੇ ਦੇਖੋ ਜੋ ਇਹ ਦੱਸਦਾ ਹੋਵੇ ਕਿ ਇਸਨੂੰ ਕੱਸਕੇ ਕਿਵੇਂ ਰੱਖਣਾ ਹੈ।

## ਤੁਹਾਡੀ ਗੱਡੀ ਵਿੱਚ ਕਿਸ ਕਿਸਮ ਦੀਆਂ ਬੈਲਟਾਂ ਹਨ?

ਗੋਦ ਵਾਲੀਆਂ ਬੈਲਟਾਂ ਕੇਵਲ ਕੂਲਿਆਂ ਨੂੰ ਪਕੜ ਕੇ ਰੱਖਦੀਆਂ ਹਨ। ਗੋਦ/ਮੋਢੇ ਵਾਲੀਆਂ ਬੈਲਟਾਂ ਕੇਵਲ ਕੂਲਿਆਂ, ਛਾਤੀ ਅਤੇ ਇੱਕ ਮੋਢੇ ਨੂੰ ਪਕੜ ਕੇ ਰੱਖਦੀਆਂ ਹਨ। ਸੀਟ ਬੈਲਟ ਵਿੱਚ ਢਿੱਲ ਨਾਲ ਨਿਪਟਣ ਵਾਸਤੇ ਬਹੁਤ ਸਾਰੀਆਂ ਕਿਸਮਾਂ ਦੇ ਰੀ-ਟਰੈਕਟਰ ਅਤੇ ਲੈਚਪਲੇਟਾਂ (latchplates) ਵੀ ਹਨ ਜਿਨ੍ਹਾਂ ਵਿੱਚ ਬੱਕਲ ਫ਼ਿਟ ਹੁੰਦਾ ਹੈ। ਇਹ ਪਤਾ ਕਰਨ ਲਈ ਕਿ ਤੁਹਾਡੀ ਗੱਡੀ ਵਿੱਚ ਕਿਸ ਕਿਸਮ ਦੀਆਂ ਸੀਟ ਬੈਲਟਾਂ ਹਨ, ਆਪਣੀ ਗੱਡੀ ਦੀ ਹਿਦਾਇਤ ਪੁਸਤਿਕਾ ਪੜ੍ਹੋ।

## ਮੁਕਤ ਅਵਸਥਾ ਵਿੱਚ ਖਿਸਕਣ ਵਾਲੀ ਲੈਚਪਲੇਟ ਦੇ ਨਾਲ ਗੋਦ/ਮੋਢੇ ਦੀ ਬੈਲਟ:

ਕਈ ਗੱਡੀਆਂ ਵਿੱਚ ਅਜਿਹੀਆਂ ਗੋਦ/ਮੋਢੇ ਵਾਲੀਆਂ ਬੈਲਟਾਂ ਹੁੰਦੀਆਂ ਹਨ ਕਿ ਸੀਟ ਬੈਲਟ ਨੂੰ ਇਸਦੇ ਰੀਟਰੈਕਟਰ ਵਿੱਚੋਂ ਬਾਹਰ ਕਰਕੇ ਪੂਰੀ ਤਰ੍ਹਾਂ ਵਧਾ ਦੇਣ ਨਾਲ, ਇਹ ਕਾਰ ਸੀਟ ਨੂੰ ਸਥਾਪਤ ਕਰਨ ਲਈ ਇੱਕ ਤਾਲਾ-ਬੰਦੀ ਪੱਧਤੀ ਵਿੱਚ ਚਲੀ ਜਾਂਦੀ ਹੈ। ਪਰ, ਕੁਝ ਗੱਡੀਆਂ ਵਿੱਚ ਅਜਿਹੀਆਂ ਗੋਦ/ਮੋਢੇ ਦੀਆਂ ਬੈਲਟਾਂ ਹੁੰਦੀਆਂ ਹਨ, ਜੋ ਕਿਸੇ ਹਾਦਸੇ ਜਾਂ ਅਚਾਨਕ ਰੁਕ ਜਾਣ ਦੀ ਸੂਰਤ ਵਿੱਚ ਹੀ ਤਾਲਾ-ਬੰਦ ਹੁੰਦੀਆਂ ਹਨ। ਕਿਸੇ ਕਾਰ ਸੀਟ ਦੇ ਗਿਰਦ ਅਜਿਹੀ ਸੀਟ ਬੈਲਟ ਨੂੰ ਸੁਰੱਖਿਅਤ ਕਰਨ ਲਈ, ਇੱਕ ਧਾਤੂ ਦੇ "ਤਾਲਾ-ਲਾਊ ਕਲਿੱਪ" ਦੀ ਲੋੜ ਹੁੰਦੀ ਹੈ। ਤੁਹਾਡੀ ਗੱਡੀ ਦੀ ਹਿਦਾਇਤ ਪੁਸਤਿਕਾ ਅਤੇ ਇੱਕ ਸੀਟ ਬੈਲਟ ਲੇਬਲ ਤੁਹਾਨੂੰ ਦੱਸੇਗਾ ਕਿ ਕੀ ਤੁਹਾਨੂੰ ਕਿਸੇ ਤਾਲਾ-ਲਾਊ ਕਲਿੱਪ ਦੀ ਲੋੜ ਹੈ ਜਾਂ ਨਹੀਂ।

## ਕਿਸੇ ਤਾਲਾ ਲਾਊ ਕਲਿੱਪ ਨੂੰ ਕਿਵੇਂ ਸਥਾਪਤ ਕਰੀਏ:

1. ਕਾਰ ਸੀਟ ਤੇ ਬੈਲਟ ਨੂੰ ਸਹੀ ਰਸਤੇ ਵਿੱਚੋਂ ਗੁਜ਼ਾਰੋ ਅਤੇ ਬੱਕਲ ਲਗਾ ਦਿਓ।
2. ਕਾਰ ਸੀਟ ਨੂੰ ਹੇਠਾਂ ਵੱਲ ਧੱਕੋ ਅਤੇ ਬੈਲਟ ਦੇ ਮੋਢੇ ਵਾਲੇ ਸਿਰੇ ਨੂੰ ਖਿੱਚੋ ਜਦੋਂ ਤੱਕ ਕਿ ਗੋਦ ਵਾਲੀ ਬੈਲਟ ਕੱਸਕੇ ਖਿੱਚੀ ਨਹੀਂ ਜਾਂਦੀ।
3. ਬੈਲਟ ਦੇ ਦੋਨਾਂ ਹਿੱਸਿਆਂ ਨੂੰ ਲੈਚਪਲੇਟ ਕੋਲੋਂ ਪਕੜੋ ਅਤੇ ਬੱਕਲ ਖੋਲ੍ਹ ਦਿਓ।
4. ਬੈਲਟ ਨੂੰ ਲੈਚ ਪਲੇਟ ਤੋਂ ½ ਇੰਚ ਦੀ ਵਿੱਥ ਤੇ ਤਾਲਾ-ਲਾਊ ਕਲਿੱਪ ਵਿੱਚੋਂ ਗੁਜ਼ਾਰੋ।
5. ਬੈਲਟ ਦੇ ਬੱਕਲ ਨੂੰ ਫਿਰ ਤੋਂ ਲਗਾ ਦਿਓ।
6. ਤਾਲਾ ਲਾਊ ਕਲਿੱਪ ਨੂੰ ਉਸ ਸਮੇਂ ਹਟਾ ਦਿਓ ਜਦੋਂ ਤੁਸੀਂ ਕੋਈ ਕਾਰ ਸੀਟ ਸਥਾਪਤ ਨਹੀਂ ਕੀਤੀ ਹੁੰਦੀ।






ਕੁਝ ਕੁ ਗੱਡੀਆਂ ਨੂੰ ਇੱਕ ਭਾਰੀ ਭਰਕਮ ਕਲਿੱਪ ਦੀ ਲੋੜ ਹੁੰਦੀ ਹੈ, ਜੋ ਕੇਵਲ ਨਿਰਮਾਤਾ ਦੁਆਰਾ ਸਪਲਾਈ ਕੀਤਾ ਜਾਂਦਾ ਹੈ। ਆਪਣੀ ਮਾਲਕ ਲਈ ਹਿਦਾਇਤ ਪੁਸਤਿਕਾ ਦੇਖੋ।

## LATCH : ਕਾਰ ਸੀਟਾਂ ਨੂੰ ਸਥਾਪਤ ਕਰਨ ਦਾ ਇੱਕ ਵਿਕਲਪ ਤਰੀਕਾ

LATCH (ਲੋਅਰ ਐਂਕਰੇਜ਼ ਐਂਡ ਟੈਦਰ ਫ਼ਾਰ ਚਿਲਡਰਨ) ਪ੍ਰਣਾਲੀ ਜਿਸਨੂੰ ISOFIX ਜਾਂ UAS (ਯੂਨੀਵਰਸਲ ਅਟੈਚਮੈਂਟ ਸਿਸਟਮ) ਵੀ ਆਖਿਆ ਜਾਂਦਾ ਹੈ, ਹੁਣ ਸਾਰੀਆਂ ਨਵੀਆਂ ਗੱਡੀਆਂ ਅਤੇ ਕਾਰ ਸੀਟਾਂ ਵਾਸਤੇ ਮੌਜੂਦ ਹੈ, ਜਿਨ੍ਹਾਂ ਦਾ ਨਿਰਮਾਣ I ਸਤੰਬਰ 2002 ਤੋਂ ਬਾਅਦ ਹੋਇਆ ਹੈ। ਜੇ ਤੁਹਾਡੀ ਗੱਡੀ ਅਤੇ ਕਾਰ ਸੀਟ ਵਿੱਚ LATCH ਪ੍ਰਣਾਲੀ ਹੈ, ਤਾਂ ਤੁਸੀਂ ਇਸ ਨਵੀਂ ਪ੍ਰਣਾਲੀ ਦੀ ਵਰਤੋਂ ਕਰਨਾ ਚੁਣ ਸਕਦੇ ਹੋ। ਨਹੀਂ ਤਾਂ ਕਾਰ ਸੀਟਾਂ ਨੂੰ ਸਥਾਪਤ ਕਰਨ ਵਾਸਤੇ ਸੀਟ ਬੈਲਟਾਂ ਦੀ ਵਰਤੋਂ ਕਰਨਾ ਜਾਰੀ ਰੱਖੋ। LATCH ਪ੍ਰਣਾਲੀ ਨੂੰ ਸੀਟ ਬੈਲਟ ਦੇ ਨਾਲ ਇਕੱਠਿਆਂ ਨਾ ਵਰਤੋ - ਉਸ ਪ੍ਰਣਾਲੀ ਦੀ ਵਰਤੋਂ ਕਰੋ, ਜੋ ਸਭ ਤੋਂ ਕੱਸੀ ਹੋਈ ਫ਼ਿਟਿੰਗ ਦੀ ਪੇਸ਼ਕਸ਼ ਕਰਦੀ ਹੈ।

ਗੱਡੀਆਂ ਵਾਸਤੇ, ਹਰੇਕ LATCH ਸਥਿਤੀ ਦੋ ਛੋਟੀਆਂ ਛੜਾਂ ਤੋਂ ਮਿਲਕੇ ਬਣਦੀ ਹੈ, ਜੋ ਗੱਡੀ ਦੀ ਸੀਟ ਦੀਆਂ ਕਰੀਜ਼ਾਂ ਵਿੱਚ ਬਣਾਈਆਂ ਗਈਆਂ ਹੁੰਦੀਆਂ ਹਨ - LATCH ਸਥਿਤੀਆਂ ਦਾ ਸਥਾਨ ਕੀ ਹੈ, ਇਹ ਪਤਾ ਕਰਨ ਵਾਸਤੇ ਆਪਣੀ ਗੱਡੀ ਦੀ ਹਿਦਾਇਤ ਪੁਸਤਿਕਾ ਦੇਖੋ।

ਨਵੀਆਂ ਕਾਰ ਸੀਟਾਂ ਇੱਕ ਵੱਖਰੀ ਤਣੀ ਨਾਲ ਆਉਂਦੀਆਂ ਹਨ, ਜਿਸ ਵਿੱਚ ਹੁੱਕਾਂ ਲੱਗੀਆਂ ਹੁੰਦੀਆਂ ਹਨ, ਜੋ ਗੱਡੀ ਵਿਚਲੇ LATCH ਐਂਕਰਾਂ ਵਿੱਚ ਲੱਗ ਜਾਣਗੀਆਂ। ਹੁੱਕਾਂ ਨੂੰ ਐਂਕਰਾਂ ਦੇ ਨਾਲ ਠੀਕ ਤਰੀਕੇ ਨਾਲ ਜੋੜਨ ਬਾਰੇ ਜਾਣਕਾਰੀ ਵਾਸਤੇ ਆਪਣੀ ਕਾਰ ਸੀਟ ਦੀ ਹਿਦਾਇਤ ਪੁਸਤਿਕਾ ਦੇਖੋ।

## LATCH ਦੇ ਨਾਲ ਕਾਰ ਸੀਟ ਨੂੰ ਸਥਾਪਤ ਕਰਨਾ:

1. ਕਾਰ ਸੀਟ ਦੀਆਂ ਹਿਦਾਇਤਾਂ ਅਨੁਸਾਰ, ਕਾਰ ਸੀਟ ਨੂੰ ਪਿੱਛੇ ਵੱਲ ਜਾਂ ਅੱਗੇ ਵੱਲ ਮੂੰਹ ਕਰਕੇ ਟਿਕਾਓ
2. ਕਾਰ ਸੀਟ ਉੱਤੇ ਬਣੇ ਰਸਤੇ ਰਾਹੀਂ LATCH ਦੀ ਤਣੀ ਨੂੰ ਗੁਜ਼ਾਰੋ, ਧਿਆਨ ਰੱਖੋ ਕਿ ਤਣੀ ਸਪਾਟ ਰਹੇ
3. LATCH ਦੀ ਤਣੀ ਨੂੰ ਗੱਡੀ ਦੇ ਐਂਕਰਾਂ ਨਾਲ ਹੁੱਕ ਨਾਲ ਜੋੜ ਦਿਓ। ਕਾਰ ਦੀ ਸੀਟ ਤੇ ਗੋਡਿਆਂ ਭਾਰ ਹੋ ਜਾਓ ਅਤੇ ਤਣੇ ਦੇ ਖੁੱਲ੍ਹੇ ਹਿੱਸੇ ਨੂੰ ਖਿੱਚਦੇ ਹੋਏ ਤਣੀ ਨੂੰ ਕੱਸ ਦਿਓ
4. ਅੱਗੇ ਵੱਲ ਮੂੰਹ ਕਰਕੇ ਬੈਠਣ ਵਾਲੀਆਂ ਕਾਰ ਸੀਟਾਂ ਵਾਸਤੇ, ਡਹਾ ਤਣੀ ਨੂੰ ਡਹਾ ਐਂਕਰ ਨਾਲ ਜੋੜ ਦਿਓ ਅਤੇ ਖਿੱਚਕੇ ਕਸ ਦਿਓ




ਜੇ ਤੁਸੀਂ I ਸਤੰਬਰ 2002 ਤੋਂ ਪਹਿਲਾਂ ਬਣਾਈਆਂ ਕਾਰ ਸੀਟਾਂ ਵਾਸਤੇ ਕੋਈ ਪਿੱਛਲਖੁਰੀ ਫਿੱਟ ਹੋਣ ਵਾਲੀ LATCH ਕਿੱਟ ਖਰੀਦਣ ਜਾ ਰਹੇ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਉਸੇ ਕਾਰ ਸੀਟ ਨਿਰਮਾਤਾ ਦੀ ਬਣਾਈ ਕਿੱਟ ਖਰੀਦਦੇ ਹੋ।

## ਡਹਾ ਪਾਉਣਾ (ਕੇਵਲ ਅੱਗੇ ਨੂੰ ਮੂੰਹ ਕਰਕੇ ਬੈਠਣ ਵਾਲੀਆਂ ਸੀਟਾਂ ਵਾਸਤੇ)

ਇੱਕ ਉੱਪਰੀ ਡਹਾ ਤਣੀ, ਅੱਗੇ ਨੂੰ ਮੂੰਹ ਕਰਕੇ ਬੈਠਣ ਵਾਲੀ ਕਾਰ ਸੀਟ ਦੇ ਉੱਪਰਲੇ ਹਿੱਸੇ ਨੂੰ ਗੱਡੀ ਦੇ ਫਰੇਮ ਨਾਲ ਬੰਨ੍ਹਕੇ ਰੱਖ ਦਿੰਦੀ ਹੈ ਅਤੇ ਕਿਸੇ ਹਾਦਸੇ ਦੀ ਸੂਰਤ ਵਿੱਚ ਇਸ ਗੱਲ ਨੂੰ ਸੀਮਤ ਕਰ ਦਿੰਦੀ ਹੈ ਕਿ ਕੋਈ ਕਾਰ ਸੀਟ ਕਿੰਨੀ ਕੁ ਅੱਗੇ ਨੂੰ ਜਾ ਸਕਦੀ ਹੈ।

ਡਹਾ ਤਣੀ ਨੂੰ ਵੱਧ ਕਸੀ ਹੋਈ ਹੋਣ ਦੀ ਲੋੜ ਹੁੰਦੀ ਹੈ - ਤਣੀ ਨੂੰ ਕਸਦੇ ਸਮੇਂ ਸੀਟ ਤੇ ਗੋਡਿਆਂ ਭਾਰ ਹੋ ਜਾਓ/ਸੀਟ ਨੂੰ ਹੇਠਾਂ ਵੱਲ ਧੱਕੋ। ਜੇ ਡਹੇ ਦੀਆਂ ਤਣੀਆਂ ਲਈ ਖਿਸਕਣਾ ਹੋਣ, ਤਾਂ ਤਣੀ ਨੂੰ ਦੂਹਰੀ ਕਰਕੇ ਬੰਨ੍ਹਣ ਵਾਸਤੇ ਆਪਣੀ ਕਾਰ ਸੀਟ ਦੀ ਹਿਦਾਇਤ ਪੁਸਤਿਕਾ ਨੂੰ ਦੇਖੋ, ਨਹੀਂ ਤਾਂ ਟੱਕਰ ਦੇ ਬਲ ਨਾਲ ਡਹਾ ਢਿੱਲਾ ਹੋ ਜਾਵੇਗਾ।

ਡਹਾ ਐਂਕਰ ਦੇ ਸਥਾਨਾਂ ਵਾਸਤੇ ਆਪਣੀ ਗੱਡੀ ਦੀ ਮਾਲਕ ਲਈ ਹਿਦਾਇਤ ਪੁਸਤਿਕਾ ਦੇਖੋ। ਨਵੀਆਂ ਗੱਡੀਆਂ ਵਿੱਚ ਵਰਤਕ ਲਈ ਤਿਆਰ ਬਰ ਤਿਆਰ ਡਹਾ ਐਂਕਰ ਹੋਣਗੇ। ਕਈ ਪੁਰਾਣੇ ਮਾਡਲ ਦੀਆਂ ਗੱਡੀਆਂ ਵਿੱਚ ਪਹਿਲਾਂ ਤੋਂ ਹੀ ਕੀਤੇ ਹੋਏ ਸੁਰਾਖ਼ ਹੋਣਗੇ - ਕਿਸੇ ਐਂਕਰ ਕਾਬਲੇ ਨੂੰ ਫਿੱਟ ਕਰਨ ਬਾਰੇ ਵਧੇਰੇ ਵਿਸਥਾਰ ਲੈਣ ਲਈ ਆਪਣੀ ਗੱਡੀ ਦੇ ਵਿਕਰੇਤਾ ਨਾਲ ਸੰਪਰਕ ਕਰੋ।

